# ਪੰਜਾਬ ਵਿਧਾਨ ਸਭਾ

**ਸ਼ਨਿੱਚਰਵਾਰ, ਮਿਤੀ 25 ਜੂਨ, 2022**

**ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿੱਚ ਪੁੱਛੇ ਜਾਣ ਵਾਲੇ**
**ਮੁਲਤਵੀ ਕੀਤੇ ਨਿਸ਼ਾਨ ਵਾਲੇ ਪ੍ਰਸ਼ਨ**

------

**ਰਾਜ ਦੀਆਂ ਪ੍ਰਾਈਵੇਟ ਅਤੇ ਸਹਿਕਾਰੀ ਸ਼ੂਗਰ ਮਿੱਲਾਂ ਦੁਆਰਾ ਗੰਨਾਂ ਉਤਪਾਦਕਾਂ ਦੀ ਪੈਂਡਿੰਗ ਰਕਮ ਜਾਰੀ ਕਰਨਾ**

*37 1. ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਐਮ.ਐਲ.ਏ.)
2. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ)
3. ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ):- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਪ੍ਰਾਈਵੇਟ ਅਤੇ ਸਹਿਕਾਰੀ ਸ਼ੂਗਰ ਮਿੱਲਾਂ ਦੁਆਰਾ ਗੰਨਾ ਉਤਪਾਦਕਾਂ ਨੂੰ ਅਦਾਇਗੀ ਲਈ ਵੱਖ-ਵੱਖ ਕੁੱਲ ਕਿੰਨੀ ਰਕਮ ਅਜੇ ਵੀ ਪੈਂਡਿੰਗ ਪਈ ਹੈ ਅਤੇ ਆਖਰੀ ਵਾਰ ਕਦੋਂ ਅਤੇ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਸੀ, ਉਸ ਦੇ ਵੇਰਵੇ ਕੀ ਹਨ;

ਅ) ਸਰਕਾਰ ਵੱਲੋਂ ਉਕਤ ਅਦਾਇਗੀਆਂ ਨੂੰ ਜਾਰੀ ਕਰਨ/ਕਲੀਅਰ ਕਰਨ ਲਈ ਕਿਹੜੇ-ਕਿਹੜੇ ਕਦਮ ਚੁੱਕੇ ਗਏ ਹਨ ਅਤੇ ਉਕਤ ਅਦਾਇਗੀਆਂ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਕੰਡੀ ਏਰੀਆ ਤਲਵਾੜਾ ਨੂੰ ਟੂਰਿਜ਼ਮ ਪਲੇਸ ਘੋਸ਼ਿਤ ਕਰਨਾ**

*40. ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:- ਕੀ ਸੈਰ-ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਵਿਧਾਨ ਸਭਾ ਹਲਕਾ ਦੇ ਕੰਡੀ ਏਰੀਆ ਤਲਵਾੜਾ ਨੂੰ ਟੂਰਿਜ਼ਮ ਪਲੇਸ ਘੋਸ਼ਿਤ ਕਰਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**16 ਮਾਰਚ 2022 ਤੋਂ ਹੁਣ ਤੱਕ ਰੇਤਾ ਅਤੇ ਬਜਰੀ ਤੋਂ ਇੱਕਠੀ ਕੀਤੀ ਰਕਮ ਦੇ ਵੇਰਵੇ**

*52. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਐਮ.ਐਲ.ਏ.:- ਕੀ ਮਾਈਨਜ਼ ਐਂਡ ਜਿਓਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇਸ ਵੇਲੇ ਬਾਜ਼ਾਰ ਵਿੱਚ ਰੇਤ ਅਤੇ ਬਜਰੀ ਦੇ ਰੇਟ ਕੀ ਹਨ;

ਅ) ਮਿਤੀ 16 ਮਾਰਚ, 2022 ਤੋਂ ਲੈ ਕੇ ਹੁਣ ਤੱਕ ਰੇਤ ਅਤੇ ਬਜਰੀ ਤੋਂ ਕਿੰਨੀ ਰਕਮ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਹੋ ਚੁੱਕੀ ਹੈ, ਜ਼ਿਲ੍ਹਾਵਾਰ ਪ੍ਰਾਪਤ ਰਕਮਾਂ ਦੇ ਵੇਰਵੇ ਕੀ ਹਨ;

ੲ) ਨਜਾਇਜ ਮਾਈਨਿੰਗ ਕਰਨ ਵਾਲਿਆ ਵਿਰੁੱਧ ਮਿਤੀ 16 ਮਾਰਚ, 2022 ਤੋਂ ਲੈ ਕੇ ਹੁਣ ਤੱਕ ਕਿੰਨੇ ਕੇਸ ਦਰਜ ਹੋ ਚੁੱਕੇ ਹਨ, ਇਨ੍ਹਾਂ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ?

**ਸਰਕਟ ਹਾਊਸ ਅੰਮ੍ਰਿਤਸਰ ਨੂੰ ਕਿਸੇ ਕੰਪਨੀ ਨੂੰ ਦੇਣ ਦੇ ਵੇਰਵੇ**

*112. ਕੁੰਵਰ ਵਿਜੈ ਪ੍ਰਤਾਪ ਸਿੰਘ, ਐਮ.ਐਲ.ਏ.:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਟ ਹਾਊਸ, ਅੰਮ੍ਰਿਤਸਰ ਕਿਸੇ ਪ੍ਰਾਈਵੇਟ ਕੰਪਨੀ ਨੂੰ ਦੇ ਦਿੱਤਾ ਗਿਆ ਹੈ; ਜੇਕਰ ਹਾਂ ਤਾਂ ਕੀ ਉਸ ਨੂੰ ਟੇਕ ਓਵਰ ਕਰਨ ਵਾਲੀ ਕੰਪਨੀ ਦਾ ਕਿਸੇ ਰਾਜਨੀਤਕ ਪਰਿਵਾਰ ਨਾਲ ਸਬੰਧ ਹੈ;

ਅ) ਕੀ ਉਕਤ ਕੰਪਨੀ ਨੂੰ ਹੈਂਡ ਓਵਰ ਕਰਨ ਲਈ ਕਿਸੇ ਨਿਯਮ ਨੂੰ ਅੱਖੋਂ-ਪਰੋਖੇ ਕੀਤਾ ਗਿਆ ਹੈ; ਜੇਕਰ ਹਾਂ ਤਾਂ ਕੀ ਸਬੰਧਤ ਅਧਿਕਾਰੀਆਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ ਜਾਂ ਕਰਨ ਦੀ ਤਜਵੀਜ਼ ਹੈ;

ੲ) ਕੀ ਮਾਮਲੇ ਤੇ ਮੁੜ ਨਜ਼ਰਸਾਨੀ ਕਰਦੇ ਹੋਏ, ਉਕਤ ਸਮਝੌਤਾ ਰੱਦ ਕਰਕੇ ਸਰਕਟ ਹਾਊਸ, ਅੰਮ੍ਰਿਤਸਰ ਨੂੰ ਸਰਕਾਰੀ ਕੰਟਰੋਲ ਅਧੀਨ ਲੈਣ ਦੀ ਕੋਈ ਤਜਵੀਜ਼ ਹੈ;

ਸ) ਸਬੰਧਤ ਪਾਰਟੀਆਂ ਵਿੱਚ ਹੋਏ ਐਗਰੀਮੈਂਟ ਦੇ ਵੇਰਵੇ ਦੱਸੇ ਜਾਣ?

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।

ਚੰਡੀਗੜ੍ਹ
ਮਿਤੀ 24 ਜੂਨ, 2022

ਪਰਤੋਂ ਜੀ....